BCM SCHOOL, BASANT AVENUE, DUGRI
CLASS- IV SESSION 2026-27
SUBJECT-Punjabi

I) ਹੇਠ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ:

ਰਵੀ ਇੱਕ ਹੋਣਹਾਰ ਬੱਚਾ ਸੀ। ਉਹ ਹਰ ਰੋਜ਼ ਸਵੇਰੇ ਜਲਦੀ ਉੱਠਦਾ ਅਤੇ ਸਕੂਲ ਜਾਣ ਤੋਂ ਪਹਿਲਾਂ ਆਪਣੇ ਬੂਟੇ ਨੂੰ ਪਾਣੀ ਪਾਂਦਾ ਸੀ। ਉਸ ਨੂੰ ਰੁੱਖ-ਬੂਟਿਆਂ ਨਾਲ ਬਹੁਤ ਪਿਆਰ ਸੀ। ਇੱਕ ਦਿਨ ਉਸ ਨੇ ਆਪਣੇ ਦੋਸਤਾਂ ਨੂੰ ਵੀ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਸਭ ਨੇ ਮਿਲ ਕੇ ਸਕੂਲ ਦੇ ਬਾਗ ਵਿੱਚ ਪੌਦੇ ਲਗਾਏ। ਅਧਿਆਪਕ ਜੀ ਨੇ ਬੱਚਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਰੁੱਖ ਸਾਡੀ ਜ਼ਿੰਦਗੀ ਲਈ ਬਹੁਤ ਜ਼ਰੂਰੀ ਹਨ।

ਪ੍ਰਸ਼ਨ:1.ਰਵੀ ਹਰ ਰੋਜ਼ ਕੀ ਕਰਦਾ ਸੀ?

ਪ੍ਰਸ਼ਨ 2.ਰਵੀ ਨੂੰ ਕਿਸ ਨਾਲ ਪਿਆਰ ਸੀ?

ਪ੍ਰਸ਼ਨ3.ਬੱਚਿਆਂ ਨੇ ਮਿਲ ਕੇ ਕੀ ਕੀਤਾ?

ਪ੍ਰਸ਼ਨ4.ਅਧਿਆਪਕ ਜੀ ਨੇ ਕੀ ਕਿਹਾ?

**ਸਹੀ ਜਵਾਬ ‘✓’ ਕਰੋ**

1. “ਅੰਮ੍ਰਿਤਸਰ” ਕਿਹੜਾ ਨਾਂਵ ਹੈ?
   ਆਮ ਨਾਂਵ
   ਖ਼ਾਸ ਨਾਂਵ
   ਭਾਵਵਾਚਕ ਨਾਂਵ
2. “ਇਮਾਨਦਾਰੀ” ਕਿਹੜਾ ਨਾਂਵ ਹੈ?
   ਇਕੱਠਵਾਚਕ ਨਾਂਵ
   ਭਾਵਵਾਚਕ ਨਾਂਵ
   ਵਸਤੂਵਾਚਕ ਨਾਂਵ
3. “ਝੁੰਡ” ਕਿਹੜਾ ਨਾਂਵ ਹੈ?
   ਖ਼ਾਸ ਨਾਂਵ
   ਇਕੱਠਵਾਚਕ ਨਾਂਵ
   ਆਮ ਨਾਂਵ

**ਲਿੰਗ ਬਦਲੋ**

ਬਤੇਰ , ਭਤੀਜਾ , ਭੇਡੂ